# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 26.10.2018 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ, 'ਨਾਥ' ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀ ਬਲਵੰਤ ਰਾਏ 'ਨਾਥ'
ਮੇਅਰ

ਸ਼੍ਰੀ ਰਿਸ਼ੀ ਪਾਲ ਸਿੰਘ, ਪੀ.ਸੀ.ਐਸ.
ਕਮਿਸ਼ਨਰ

ਸ਼੍ਰੀ ਤਰਸੇਮ ਚੰਦ ਗੋਇਲ
ਸੀਨੀਅਰ ਡਿਪਟੀ ਮੇਅਰ

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ
ਡਿਪਟੀ ਮੇਅਰ

ਸ਼੍ਰੀ ਨਿਰਮਲ ਸਿੰਘ ਸੰਧੂ
ਮੈਂਬਰ ਐਫ.ਐਂਡ ਸੀ.ਸੀ.

| ਲੜੀ ਨੰ: | ਮਤਾ ਨੰ: | ਏਜੰਡਾ ਆਈਟਮ ਨੰ: | ਮਤਾ ਜੋ ਪਾਸ ਹੋਇਆ |
|---|---|---|---|
| 1 | 92 | **ਏਜੰਡਾ ਨੰ: 1:**<br>ਮੀਟਿੰਗ ਮਿਤੀ 05.10.2018 ਦੀ ਕਾਰਵਾਈ ਦੀ ਪਕਿਆਈ। | **ਮੀਟਿੰਗ ਮਿਤੀ 05.10.2018 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |
| 2 | 93 | **ਏਜੰਡਾ ਨੰ: 2**<br>ਰਿਪੋਰਟ ਵਰਕਸ ਸ਼ਾਖਾ ਕਿ ਸਪਲਾਈ ਆਫ ਕੰਕਰੀਟ ਗਾਰਡਨ ਬੈਂਚ ਦੇ ਮੁਬਲਿਗ 7.00 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 18.06.2018 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 2 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br>ਲੜੀ ਨੰ: / ਏਜੰਸੀ ਦਾ ਨਾਮ / ਓਵਰਆਲ ਲੈਸ / ਟੈਂਡਰ ਕੀਤੀ ਰਕਮ<br>1. / ਐਸਪਨ ਸੀਮਿੰਟ ਪ੍ਰੋਡਟਕਸ / (-) 0.15% / 698950/-<br>2. / ਮਾਨਵ ਇਕੋ ਪੇਵਰਸ / (-) 0.10% / 699300/-<br>ਉਪਰੋਕਤ ਟੈਂਡਰਾਂ ਵਿੱਚੋਂ ਐਸਪਨ ਸੀਮਿੰਟ ਪ੍ਰੋਡਟਕਸ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 7.00 ਲੱਖ ਰੁਪਏ ਦੇ ਮੁਕਾਬਲੇ 698950/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪੈਡਿੰਗ ਰੱਖਿਆ ਜਾਂਦਾ ਹੈ।** |
| 3 | 94 | **ਏਜੰਡਾ ਨੰ: 3:**<br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਪ੍ਰਵਾਇਡਿੰਗ ਐਂਡ ਲੇਇੰਗ ਇਨਟਰਨਲ ਡਾਇਆ ਸੀਵਰ ਇੰਨ ਡਿਫਰੈਂਟ ਏਰੀਆ ਆਫ ਜ਼ੋਨ ਨੰਬਰ 5 ਤੋਂ 8 ਦੇ ਮੁਬਲਿਗ 33.24 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 19.10.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮੰਗੇ ਗਏ ਸਨ। ਸੱਭ ਤੋਂ ਘੱਟ ਰੇਟ 12.25% ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮਟਿਡ ਦੇ ਸਨ। ਐਫ.ਐਂਡ ਸੀ.ਸੀ. ਕਮੇਟੀ ਦੀ ਬੈਠਕ ਵਿੱਚ ਉਹਨਾਂ ਵੱਲੋਂ ਆਪਣੇ ਮਤਾ ਨੰਬਰ 155 ਮਿਤੀ 07.11.2016 ਰਾਹੀਂ ਪਾਸ ਕੀਤਾ ਗਿਆ ਸੀ ਕਿ ਇਸ ਮਿਤੀ ਨੂੰ ਇਸ ਨੇਚਰ ਦੇ ਕੰਮਾਂ ਵਿੱਚ ਰੇਟ 17.22% ਲੈਸ ਹੋਰ ਫਰਮਾਂ/ ਸਭਾਵਾਂ ਵੱਲੋਂ ਆਏ ਹਨ। ਇਸ ਸਭਾ ਨਾਲ 17.22% ਘੱਟ ਕੀਮਤ ਤੇ ਕੰਮ ਕਰਨ ਲਈ ਨੈਗੋਸ਼ੀਏਸ਼ਨ ਕੀਤੀ ਜਾਵੇ। ਇਸਦੀ ਪਾਲਣਾਂ ਹਿੱਤ ਸਭਾ ਨੂੰ ਇਸ ਦਫਤਰ ਦੇ ਪੱਤਰ ਨੰਬਰ 641/ਵ ਮਿਤੀ 25.11.2016 ਅਤੇ ਪੱਤਰ ਨੰਬਰ 663/ਵ ਮਿਤੀ 05.12.2016 ਰਾਹੀਂ ਰੇਟ ਘੱਟ ਕਰਨ ਲਈ ਲਿਖਿਆ ਗਿਆ ਸੀ। ਸਭਾ ਵੱਲੋਂ ਮਿਤੀ 27.09.2018 ਰਾਹੀਂ ਆਪਣੀ ਲਿਖਤੀ ਸਹਿਮਤੀ ਦਿੱਤੀ ਹੈ ਕਿ ਉਹ ਓਵਰਆਲ 17.22% ਰੇਟ ਘਟਾ ਕੇ ਕੰਮ ਕਰਨ ਲਈ ਤਿਆਰ ਹੈ। ਇੱਥੇ ਇਹ ਦਸਣਾ ਵੀ ਉਚਿਤ ਹੋਵੇਗਾ ਕਿ ਮਾਨਯੋਗ ਮੇਅਰ ਸਾਹਿਬ ਅਤੇ ਸਬੰਧਤ ਵਾਰਡ ਮੈਂਬਰਾਂ ਵੱਲਂ ਸ਼ਹਿਰ ਵਿੱਚ ਵੱਖ-ਵੱਖ ਥਾਂਵਾਂ ਤੇ ਮਿਸਿੰਗ ਲਿੰਕ ਜੋੜ੍ਹਨ ਲਈ ਬਹੁਤ ਜੋਰ ਪਾਇਆ ਜਾ ਰਿਹਾ ਹੈ। ਉਕਤ ਰੇਟ ਤਖਮੀਨੇ ਵਿੱਚ ਦਰਜ਼ ਰੇਟਾਂ ਤੋਂ ਕਾਫੀ ਘੱਟ ਹਨ। ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪੈਡਿੰਗ ਰੱਖਿਆ ਜਾਂਦਾ ਹੈ।** |
| 4 | 95 | **ਏਜੰਡਾ ਨੰ: 4**<br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਪਲਾਈ ਆਫ ਡਰਿਕਿੰਗ ਵਾਟਰ ਟੈਂਕਰਜ਼ ਇਨ ਵੈਰੀਅਸ ਪਾਰਟਸ ਆਫ ਸਿਟੀ ਦੇ ਮੁਬਲਿਗ 17.37 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 29.08.2018 ਨੂੰ ਮੰਗੇ ਗਏ ਸਨ। ਤੀਜੀ ਵਾਰ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ ਹੈ, ਜਿਸਦੀ ਟੈਕਨੀਕਲੀ ਬਿਡ ਖੋਲੀ ਗਈ ਹੈ, ਜੋ ਕਿ ਠੀਕ ਪਾਈ ਗਈ ਹੈ। ਇਸਤੇ ਸ੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "This tender is for supply of Drinking Water by Tankers in various parts of city where there is no drinking water canal/ tubewell based supply of Municipal Corporation. This tender has been already called three times. Only single tender has been received even after 3rd time. Ground | |

<table>
<tr>
<td></td>
<td></td>
<td>water in city is of vary bad quality and is not suitable for drinking. So the work is of utmost importance and is directly concerned with health issue of people. Since this is third time so financial bid may be allowed to be opened. However, the financial bid shall be sent to F&CC for consideration before acceptance of rates. ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੀ ਹਦਾਇਤ ਤੇ ਸ਼੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "Supply of potable drinking water is primary duty of the MCB. Ground water is not recommended for drinking. However, each ward has been provided with an RO plant and all residents are free to get drinking water these R.O. So, supply of drinking water through tankers is not understandable. Keeping in view, these facts, please may be considered"<br>ਇਸ ਤੇ ਕਮਿਸ਼ਨਰ ਸਾਹਿਬ ਨੇ ਸ਼੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਨਾਲ ਡਿਸਕਸ ਕੀਤਾ ਗਿਆ। ਡਿਸਕਸ ਕਰਨ ਉਪਰੰਤ ਸ਼੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਕਿ "The XEN (O&M) told that these tenders are required for periphery area of the city where population is scarce and no RO facility has been given".
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਸ਼੍ਰੀ ਸੀਤਾ ਰਾਮ ਠੇਕੇਦਾਰ</td><td>-15.25%</td><td>1472329/-</td></tr>
</table>
ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>5</td>
<td>96</td>
<td><u>ਏਜੰਡਾ ਨੰ: 5</u><br>ਰਿਪੋਰਟ ਵਰਕਸ ਸ਼ਾਖਾ ਕਿ S/L of WBM and BMPC on Main Paras Ram Nagar Road ਦੇ ਕੰਮ ਦੇ ਮੁਬਲਿਗ 30.20 ਲੱਖ ਰੁਪਏ ਦੇ ਕੰਮ ਦਾ ਟੈਂਡਰ ਮਿਤੀ 08.10.2018 ਤੱਕ ਮੰਗਿਆ ਗਿਆ ਸੀ। ਇਸ ਕੰਮ ਦਾ ਟੈਂਡਰ ਪਹਿਲਾਂ ਵੀ ਮਿਤੀ 18.06.2018 ਅਤੇ 29.08.2018 ਲਈ ਲਗਾਏ ਗਏ ਸਨ। ਪਰੰਤੂ ਸਿੰਗਲ ਟੈਂਡਰ ਹੋਣ ਕਰਕੇ ਉਕਤ ਕੰਮ ਦਾ ਟੈਂਡਰ ਦੁਬਾਰਾ ਮਿਤੀ 08.10.2018 ਲਈ ਲਗਾਇਆ ਗਿਆ ਸੀ। ਉਕਤ ਕੰਮ ਦੀ ਟੈਕਨੀਕਲ ਬਿਡਜ਼ ਖੋਲੀ ਗਈ, ਜਿਸ ਵਿੱਚ ਸਿੰਗਲ ਟੈਂਡਰ ਪ੍ਰਾਪਤ ਹੋਇਆ ਹੈ। ਇਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਸ਼੍ਰੀ ਜਗਜੀਤ ਸਿੰਘ ਢਿੱਲੋਂ ਠੇਕੇਦਾਰ</td><td>-5.51%</td><td>28,53,422/48</td></tr>
</table>
ਉਕਤ ਕੰਮ ਤੀਜੀ ਵਾਰ ਵੀ ਸਿੰਗਲ ਟੈਂਡਰ ਰਹਿ ਗਿਆ ਹੈ ਅਤੇ ਮੌਕੇ ਤੇ ਸੜ੍ਹਕ ਦੀ ਹਾਲਤ ਵੀ ਖਰਾਬ ਹੈ। ਸ਼੍ਰੀ ਜਗਜੀਤ ਸਿੰਘ ਢਿੱਲੋਂ ਠੇਕੇਦਾਰ ਇਹ ਕੰਮ 30.20 ਲੱਖ ਰੁਪਏ ਦੇ ਮੁਕਾਬਲੇ 28,53,422/48 ਰੁਪਏ ਵਿੱਚ ਕਰਨ ਲਈ ਤਿਆਰ ਹੈ। ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪੈਡਿੰਗ ਰੱਖਿਆ ਜਾਂਦਾ ਹੈ।</td>
</tr>
<tr>
<td>6</td>
<td>97</td>
<td><u>ਏਜੰਡਾ ਨੰ: 6</u><br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ O&M of 25 Public Toilet blocks and 7 Community Toilets situated at various places within municipal limits of MC Bathinda, Punjab for period of one year ਦੇ ਕੰਮ ਦਾ ਟੈਂਡਰ ਪਹਿਲਾਂ ਮਿਤੀ 02.08.2018 ਵਾਸਤੇ ਲਗਾਇਆ ਗਿਆ ਸੀ। ਪਰ ਟੈਂਡਰ ਦੀਆਂ ਸ਼ਰਤਾਂ ਨਾ ਪੂਰੀਆਂ ਕਰਨ ਕਾਰਨ ਉਕਤ ਕੰਮ ਦਾ ਟੈਂਡਰ ਦੁਬਾਰਾ ਮਿਤੀ 08.10.2018 ਵਾਸਤੇ ਲਗਾਇਆ ਗਿਆ ਸੀ। ਉਕਤ ਕੰਮ ਲਈ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:</td>
<td></td>
</tr>
</table>

<table>
<tr><td></td><td></td><td>
<table>
<tr><th>Sr.No.</th><th>Description of work</th><th>Qty.</th><th colspan="2">M/s. Bhullar Constructions</th><th colspan="2">The Chehlanwala Coop L/C Society Ltd.</th><th colspan="2">Amarjit Aggarwal & Co.</th></tr>
<tr><td></td><td></td><td></td><td>Rate</td><td>Amount</td><td>Rate</td><td>Amount</td><td>Rate</td><td>Amount</td></tr>
<tr><td>1.01</td><td>With 3 Attendats</td><td>29</td><td>30815/-</td><td>893635/-</td><td>27318/-</td><td>792222/-</td><td>28995/-</td><td>840855/-</td></tr>
<tr><td>1.02</td><td>With 2 Attendants</td><td>3</td><td>20800/-</td><td>62400/-</td><td>18318/-</td><td>54954/-</td><td>19330/-</td><td>57990/-</td></tr>
<tr><td></td><td>Total</td><td></td><td></td><td>956035/-</td><td></td><td>847176/-</td><td></td><td>898845/-</td></tr>
</table>
ਉਕਤ ਅਨੁਸਾਰ The Chehlanwala Coop L/C Society Ltd. ਵੱਲੋਂ 847176/- ਰੁਪਏ ਮਹੀਨਾ ਦੇ ਹਿਸਾਬ ਨਾਲ 1,01,66,112/- ਰੁਪਏ ਸਲਾਨਾ ਦੀ ਮੰਗ ਕੀਤੀ ਹੈ। ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td><td>ਪ੍ਰਵਾਨ ਹੈ।</td></tr>
<tr><td>7</td><td>98</td><td>
<u>ਏਜੰਡਾ ਨੰ: 7</u><br>
ਰਿਪੋਰਟ ਵਰਕਸ ਸ਼ਾਖਾ ਕਿ ਜਨਰਲ ਰਿਪੇਅਰ ਆਫ ਜ਼ੋਨ ਨੰਬਰ 1 ਦੇ ਮੁਬਲਿਗ 9.94 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 29.08.2018 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>ਸ਼੍ਰੀ ਸੀਤਾ ਰਾਮ ਠੇਕੇਦਾਰ</td><td>-32.25%</td><td>673210/-</td></tr>
<tr><td>2.</td><td>ਦੀ ਜੋਧਪੁਰ ਬੱਗਾ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>-27.50%</td><td>720409/-</td></tr>
<tr><td>3.</td><td>ਦੀ ਮਾਨਵ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>-16.60%</td><td>784898/-</td></tr>
<tr><td>4.</td><td>ਸ਼ੀਰ ਗੁਰੂ ਰਵੀ ਦਾਸ ਜੀ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>-21.01%</td><td>828719/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਸ਼੍ਰੀ ਸੀਤਾ ਰਾਮ ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 9,94,000/- ਰੁਪਏ ਦੇ ਮੁਕਾਬਲੇ 6,73,210/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td><td>ਪ੍ਰਵਾਨ ਹੈ।</td></tr>
<tr><td></td><td></td><td><u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-</u></td><td></td></tr>
<tr><td>1</td><td>99</td><td>
<u>ਏਜੰਡਾ ਨੰ: 1:</u><br>
ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਮਿਤੀ 23.10.2018 ਨੂੰ ਪਾਰਕਿੰਗ ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ ਦੇ ਠੇਕੇ ਲਈ ਬੋਲੀ ਕਰਵਾਈ ਗਈ। ਸਰਕਾਰੀ ਬੋਲੀ 4,00,000/- ਰੁਪਏ ਸਲਾਨਾ ਰੱਖੀ ਗਈ। ਇਸ ਬੋਲੀ ਵਿੱਚ ਚਾਰ ਬੋਲੀਕਾਰਾਂ ਨੇ ਹਿੱਸਾ ਲਿਆ। ਸੱਭ ਤੋਂ ਵੱਧ ਬੋਲੀ ਸ਼੍ਰੀ ਮਹਿੰਦਰ ਪਾਲ ਪੁੱਤਰ ਸ਼੍ਰੀ ਸੱਤ ਪਾਲ ਵੱਲੋਂ 6,35,000/- ਰੁਪਏ ਸਲਾਨਾ ਦਿੱਤੀ ਗਈ। ਇਸ ਤੋਂ ਵੱਧ ਬੋਲੀ ਹੋਰ ਕਿਸੇ ਬੋਲੀਕਾਰ ਨੇ ਨਹੀਂ ਦਿੱਤੀ। ਬੋਲੀ ਕਰਾਉਣ ਸਮੇਂ ਨਿਗਮ ਦਾ ਤਹਿਬਾਜਾਰੀ/ ਲਾਇਸੰਸ ਬਰਾਂਚ ਦੇ ਐਕਸੀਅਨ ਸ਼੍ਰੀ ਸੰਦੀਪ ਗੁਪਤਾ ਅਤੇ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਸਾਹਿਬ ਹਾਜ਼ਰ ਸਨ। ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td><td>ਪ੍ਰਵਾਨ ਹੈ।</td></tr>
</table>

<table>
<tr>
<td>2</td>
<td>100</td>
<td>

<u>ਏਜੰਡਾ ਨੰ: 2</u>

ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ ਬਾਊਂਡਰੀ ਵਾਲ ਸੰਗੂਆਣਾ ਬਸਤੀ ਟੋਭਾ ਦੇ ਮੁਬਲਿਗ 2.54 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 29.08.2018 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਦਾ ਗੰਗਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 20.99%</td><td>200536/-</td></tr>
<tr><td>2.</td><td>ਦੀ ਮਹਾਦੇਵ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 13.92%</td><td>218481/-</td></tr>
<tr><td>3.</td><td>ਦੀ ਮਾਨਵ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 7.01%</td><td>236019/-</td></tr>
</table>

ਉਪਰੋਕਤ ਟੈਂਡਰਾਂ ਵਿੱਚੋਂ ਦੀ ਗੰਗਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 253811/- ਰੁਪਏ ਦੇ ਮੁਕਾਬਲੇ 200536/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
</table>

**ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਅਤੇ ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਭੱਵਿਖ ਵਿੱਚ ਜੇਕਰ ਸਪਲੀਮੈਂਟਰੀ ਏਜੰਡਾ ਜਾਰੀ ਕੀਤਾ ਜਾਂਦਾ ਹੈ ਤਾਂ ਉਸਤੇ ਉਹਨਾਂ ਦੋਹਾਂ ਦੀ ਸਹਿਮਤੀ ਨਹੀਂ ਹੋਵੇਗੀ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**